# 8

# ਮਸੀਹ ਦੀ ਭਰਪੂਰੀ ਦੀ ਪੌਲੁਸ ਦੀ ਤਸਵੀਰ, 1

## (2:8, 9)

ਆਪਣੇ ਖ਼ਤ ਦੇ ਆਰੰਭ ਵਿਚ ਕੁਲੁੱਸੀਆਂ ਦੇ ਨਾਂਅ ਸਲਾਮ ਲਿਖਣ ਦੇ ਬਾਅਦ ਪੌਲੁਸ ਨੇ ਉਨ੍ਹਾਂ ਨੂੰ ਯਿਸੂ ਦੀ ਮਹਾਨਤਾ ਅਤੇ ਉਹ ਦੇ ਰਾਹੀਂ ਉਨ੍ਹਾਂ ਨੂੰ ਮਿਲਣ ਵਾਲੀ ਰੂਹਾਨੀ ਸ਼ੁੱਧਤਾ ਦੀ ਗੱਲ ਦੱਸੀ। ਪੌਲੁਸ ਉਨ੍ਹਾਂ ਦੇ ਫ਼ਾਇਦੇ ਲਈ ਯਿਸੂ ਦੀ ਆਪਣੀ ਨਿੱਜੀ ਸੇਵਕਾਈ ਦੀ ਗੱਲ ਕਰਕੇ ਉਨ੍ਹਾਂ ਨੂੰ ਦਲੇਰ ਕਰਨਾ ਚਾਹੁੰਦਾ ਸੀ। ਬੁੱਧ ਅਤੇ ਗਿਆਨ ਦੇ ਸਾਰੇ ਖ਼ਜ਼ਾਨੇ ਮਸੀਹ ਵਿਚ ਹਨ, ਇਸ ਕਰਕੇ ਉਸ ਨੇ ਉਨ੍ਹਾਂ ਨੂੰ ਝੂਠੀ ਸਿੱਖਿਆ ਦੇਣ ਵਾਲਿਆਂ ਦੇ ਮਗਰ ਲੱਗਣ ਤੋਂ ਖ਼ਬਰਦਾਰ ਕੀਤਾ।

ਸਮੱਗਰੀ ਦਾ ਇਹ ਅਧਾਰ ਦੇਣ ਦੇ ਬਾਅਦ ਜਿਸ ਤੇ ਬਣਾਉਣਾ ਜ਼ਰੂਰੀ ਸੀ, ਪੌਲੁਸ ਯਿਸੂ ਦੀ ਅਹਿਮੀਅਤ ਤੇ ਜ਼ੋਰ ਦੇਣ ਲਈ ਅੱਗੇ ਵਧਿਆ। ਕੁਲੁੱਸੇ ਦੇ ਲੋਕ ਉਸ ਵਿਚ ਸੰਪੂਰਣ ਸਨ, ਕਿਉਂ ਜੋ ਉਸ ਦੇ ਰਾਹੀਂ ਉਨ੍ਹਾਂ ਦੇ ਸਾਰੇ ਪਿਛਲੇ ਪਾਪ ਧੋਤੇ ਗਏ ਸਨ। ਉਹ ਰੂਹਾਨੀ ਤੌਰ ਤੇ ਮੁਰਦਾ ਸਨ ਪਰ ਹੁਣ ਉਹ ਜ਼ਿੰਦਾ ਸਨ ਅਤੇ ਮਾਫ਼ ਕੀਤੇ ਗਏ ਸਨ ਕਿਉਂ ਜੋ ਉਹ ਬਪਤਿਸਮੇ ਵਿਚ ਯਿਸੂ ਦੇ ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਸਾਂਝੀ ਹੋਏ ਸਨ। ਯਿਸੂ ਨੇ ਉਨ੍ਹਾਂ ਦੀਆਂ ਨਵੀਆਂ ਜ਼ਿੰਦਗੀਆਂ ਨੂੰ ਚਲਾਉਣਾ ਸੀ ਜਦ ਉਨ੍ਹਾਂ ਨੇ ਆਪਣੇ ਆਪ ਨੂੰ ਉਸ ਨੂੰ ਦੇ ਦੇਣਾ ਸੀ, ਕਿਉਂ ਜੋ ਉਸ ਨੇ ਉਨ੍ਹਾਂ ਦੇ ਅਪਰਾਧਾਂ ਨੂੰ ਮਾਫ਼ ਕਰ ਦਿੱਤਾ ਸੀ ਅਤੇ ਉਸ ਸ਼ਰ੍ਹਾ ਨੂੰ ਜਿਹੜੀ ਉਨ੍ਹਾਂ ਦੇ ਵਿਰੋਧ ਵਿਚ ਸੀ ਮਿਟਾ ਦਿੱਤਾ ਸੀ। ਉਨ੍ਹਾਂ ਨੂੰ ਪੁਰਾਣੀ ਸ਼ਰ੍ਹਾ ਨੂੰ ਮੰਨਣ ਦੀ ਲੋੜ ਨਹੀਂ ਸੀ, ਜਿਸ ਨੂੰ ਉਨ੍ਹਾਂ ਦੇ ਵਿੱਚੋਂ ਚੁੱਕ ਦਿੱਤਾ ਗਿਆ ਸੀ ਅਤੇ ਨਾ ਹੀ ਉਨ੍ਹਾਂ ਨੂੰ ਸੰਸਾਰਿਕ ਨਿਯਮਾਂ ਨੂੰ ਮੰਨਣ ਦੀ ਲੋੜ ਸੀ, ਜਿਨ੍ਹਾਂ ਦਾ ਰੂਹਾਨੀ ਤੌਰ ਤੇ ਵਧਣ ਲਈ ਕੋਈ ਕੰਮ ਨਹੀਂ ਸੀ।

## ਮਨੁੱਖਾਂ ਦੀਆਂ ਸਿੱਖਿਆਵਾਂ ਤੋਂ ਬਚਣ ਲਈ ਚਿਤਾਵਨੀ (2:8)

**8ਵੇਖਣਾ ਕਿਤੇ ਕੋਈ ਆਪਣੀ ਫ਼ੈਲਸੂਫ਼ੀ ਅਤੇ ਲਾਗ ਲਪੇਟ ਨਾਲ ਤੁਹਾਨੂੰ ਲੁੱਟ ਨਾ ਲਵੇ ਜੋ ਮਨੁੱਖਾਂ ਦੀਆਂ ਰੀਤਾਂ ਅਤੇ ਸੰਸਾਰ ਦੀਆਂ ਮੂਲ ਗੱਲਾਂ ਦੇ ਅਨੁਸਾਰ ਹਨ ਪਰ ਮਸੀਹ ਦੇ ਅਨੁਸਾਰ ਨਹੀਂ।**

**''ਵੇਖਣਾ ਕਿਤੇ ਕੋਈ ਆਪਣੀ ਫ਼ੈਲਸੂਫ਼ੀ ਅਤੇ ਲਾਗ ਲਪੇਟ ਨਾਲ ਤੁਹਾਨੂੰ ਲੁੱਟ ਨਾ ਲਵੇ'' (2:8)**

ਇਹ ਯਕੀਨੀ ਬਣਾਉਣ ਦੇ ਬਾਅਦ ਕਿ ਯਿਸੂ ਉਹ ਪੱਕੀ ਨੀਂਹ ਹੈ ਜਿਸ ਉੱਤੇ ਕੁਲੁੱਸੀਆਂ ਨੇ ਆਪਣਾ ਵਿਸ਼ਵਾਸ ਬਣਾਇਆ ਸੀ ਆਇਤ 7 ਵਿਚ, ਪੌਲੁਸ ਉਨ੍ਹਾਂ ਨੂੰ ਇਹ ਚਿਤਾਵਨੀ ਦੇਣ ਲਈ ਅੱਗੇ ਵਧਿਆ ਕਿ ਕੋਈ ਉਨ੍ਹਾਂ ਨੂੰ ਝੂਠੀ ਸਿੱਖਿਆ ਨਾਲ ਭਰਮਾ ਨਾ ਲਵੇ। **ਵੇਖਣਾ ਕਿਤੇ** . . . (***blepete,*** ਮੂਲ ਵਿਚ, ''ਵੇਖੋ''),[1] ਲਿਖ ਕੇ ਪੌਲੁਸ ਚਿਤਾਵਨੀ ਦਾ ਝੰਡਾ ਗੱਡ ਰਿਹਾ ਸੀ। ਮਨ ਨੂੰ ਭਾਉਣ ਵਾਲੀ

ਸਿੱਖਿਆ ਨਾਲ ਭਟਕ ਜਾਣ ਅਤੇ ਗੁਮਰਾਹ ਕੀਤੇ ਜਾਣ ਦਾ ਖ਼ਤਰਾ ਇਕ ਹਕੀਕਤ ਸੀ।

**ਕੋਈ** ਯੂਨਾਨੀ ਸ਼ਬਦ *mē tis* ਦਾ ਅਨੁਵਾਦ ਹੈ ਜਿਸ ਦਾ ਅਰਥ ਕੋਈ ਅਣਜਾਣ ਬੰਦਾ ਜਾਂ ਲੋਕ ਹੁੰਦੇ ਹਨ। KJV ਵਿਚ ਕਈ ਮਾਮਲਿਆਂ ਵਿਚ ਇਸ ਦਾ ਅਨੁਵਾਦ ''ਕਈ'' ਹੋਇਆ ਹੈ (ਉਦਾਹਰਣ ਲਈ, ਮੱਤੀ 9:3)। ਪੌਲੁਸ ਨੂੰ ਸ਼ਾਇਦ ਪਤਾ ਸੀ ਜਾਂ ਉਸ ਉੱਤੇ ਪਰਗਟ ਕੀਤਾ ਗਿਆ ਕਿ ਕੁਲੁੱਸੇ ਦੀ ਜਮਾਤ ਵਿਚ ਕਈ ਸਿਖਾਉਣ ਵਾਲੀਆਂ ਮੰਡਲੀਆਂ ਲੋਕਾਂ ਨੂੰ ਸੰਸਾਰਿਕ ਗਿਆਨ ਦੀ ਸਿੱਖਿਆ ਦੇ ਰਾਹੀਂ ਸਚਿਆਈ ਤੋਂ ਦੂਰ ਕਰਨ ਦੀ ਕੋਸ਼ਿਸ਼ ਵਿਚ ਹਨ।

**ਲੁੱਟ** (*sulagōgeō*) ਲੈਣ ਦਾ ਅਰਥ ਕੈਦੀ ਦੇ ਰੂਪ ਵਿਚ ਲਿਜਾਣਾ ਹੈ। ਨਵੇਂ ਨੇਮ ਵਿਚ ਇਹ ਸ਼ਬਦ ਸਿਰਫ਼ ਇੱਥੇ ਮਿਲਦਾ ਹੈ। ਮੂਲ ਅਰਥ ਵਿਚ ''ਲੁੱਟ ਦੇ ਰੂਪ ਵਿਚ ਲੈ ਜਾ ਕੇ ਵੱਸ ਵਿਚ ਕਰਨਾ, *ਬੰਦੀ ਬਨਾਉਣਾ, ਲੁੱਟਣਾ* ... ਕਿਸੇ ਨੂੰ ਸਚਿਆਈ *[ਤੋਂ]* ਹਟਾ ਕੇ ਝੂਠ ਦੀ ਗੁਲਾਮੀ ਵਿਚ ਲੈ ਜਾਣ ਦੇ ਰੂਪਕ ਵਿਚ'' ਹੈ।[2] ਏ. ਟੀ. ਰੌਬਰਟਸਨ ਨੇ ਇਸ ਸ਼ਬਦ ਲਈ ਕਿਹਾ ਹੈ, ''ਇਹ ਕਿਰਿਆ ਸ਼ਬਦ ਬਹੁਤ ਹੀ ਘੱਟ ਮਿਲਦਾ ਹੈ, ਜਿਹੜਾ ਕਿ ਇੱਥੇ ਅਤੇ ਬਾਅਦ ਦੀਆਂ ਲਿਖਤਾਂ ਵਿਚ ਹੈ। ਹੇਲਿਓਡੋਰਸ ਨੇ ਇਸ ਨੂੰ ਕਿਸੇ ਮਨੁੱਖ ਦੀ ਧੀ ਨੂੰ ਉਠਾ ਲੈ ਜਾਣ (ਅਗਵਾ ਕਰਨ) ਲਈ; ਅਰਿਸਟੇਨੇਟੁਸ ਨੇ ਘਰ ਲੁੱਟਣ; ਨਿਕੇਟਸ ਨੇ ਨੌਕਰਾਣੀ ਨਾਲ ਬਦਕਾਰੀ ਕਰਨ ਲਈ ਇਸ ਨੂੰ ਵਰਤਿਆ।''[3]

ਕੁਲੁੱਸੀਆਂ ਨੂੰ ਹਨੇਰੇ ਦੀ ਸ਼ਕਤੀ ਅਤੇ ਗੁਲਾਮੀ ਵਿੱਚੋਂ ਕੱਢ ਕੇ ਲਿਆਂਦਾ ਗਿਆ ਸੀ (1:13), ਜੋ ਕਿ ਪਾਪ ਦੇ ਹਨੇਰੇ ਤੋਂ ਛੁਟਕਾਰਾ ਸੀ। ਪੌਲੁਸ ਉਨ੍ਹਾਂ ਨੂੰ ਗੁਲਾਮੀ ਵਿਚ ਵਾਪਸ ਜਾ ਕੇ ਆਪਣੇ ਆਪ ਨੂੰ ਲੁੱਟਣ ਤੋਂ ਬਚਾਉਣ ਲਈ ਕਹਿ ਰਿਹਾ ਸੀ। ਉਹ ਨਹੀਂ ਚਾਹੁੰਦਾ ਸੀ ਕਿ ਉਹ ਆਪਣੀ ਪੁਰਾਣੀ ਜ਼ਿੰਦਗੀ ਦੇ ਭੁਲੇਖੇ ਵਿਚ ਪੈਣ ਜਾਂ ਝੂਠ ਦੇ ਨਵੇਂ ਵਸੀਲਿਆਂ ਵਿਚ ਫਸਣ। ਯਿਸੂ ਤੋਂ ਦੂਰ ਜਾਣ ਦੀ ਅਤੇ ਝੂਠੇ ਗੁਰੂਆਂ ਨੂੰ ਰੋਕਣ ਲਈ ਉਨ੍ਹਾਂ ਨੂੰ ਖ਼ਬਰਦਾਰ ਰਹਿਣਾ ਜ਼ਰੂਰੀ ਸੀ।

ਪੌਲੁਸ ਨੇ ਉਨ੍ਹਾਂ ਨੂੰ **ਫ਼ਿਲਸੂਫ਼ੀ** (*philosophia*) ਅਰਥਾਤ ''ਬੁੱਧ ਦਾ ਪ੍ਰੇਮ'' ਦੇ ਵਿਰੁੱਧ ਚੌਕਸ ਕੀਤਾ। ਇਹ ਯੂਨਾਨੀ ਸ਼ਬਦ ਨਵੇਂ ਨੇਮ ਵਿਚ ਸਿਰਫ਼ ਇੱਥੇ ਹੀ ਮਿਲਦਾ ਹੈ। ਪੌਲੁਸ ਇਹ ਨਹੀਂ ਕਹਿ ਰਿਹਾ ਸੀ ਕਿ ਫ਼ਿਲਾਸਫ਼ੀ ਬੁਰੀ ਹੀ ਹੁੰਦੀ ਹੈ। ਯੂਨਾਨੀਆਂ ਵਿਚ ਇਸ ਸ਼ਬਦ ਦਾ ਅਰਥ ਬੁੱਧ ਲਈ ਪ੍ਰੇਮ ਕਾਰਣ ਸਚਿਆਈ ਜਾਂ ਸਮਝ ਨੂੰ ਪਾਉਣ ਦੀਆਂ ਮਨੁੱਖ ਦੀਆਂ ਬੇਹਤਰੀਨ ਕੋਸ਼ਿਸ਼ਾਂ ਲਈ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਇਸ ਦੀ ਵਰਤੋਂ ਚੰਗੇ ਅਰਥਾਂ ਲਈ ਕੀਤੀ ਜਾਂਦੀ ਸੀ। ਇਹ ਵਿਖਾ ਕੇ ਕਿ ਜਿਵੇਂ ਕੋਈ ਸਿੱਧ ਮਨੁੱਖ ਗਿਆਨ ਨੂੰ ਪਾ ਚੁਕਿਆ ਹੋਵੇ, ਸ਼ੇਖੀ ਮਾਰ ਕੇ ਆਪਣੇ ਆਪ ਨੂੰ ਗਿਆਨੀ ਦੱਸਣ ਦੀ ਬਜਾਇ ਯੂਨਾਨੀ ਲੋਕ ਆਪਣੇ ਆਪ ਨੂੰ ਸਿਰਫ਼ ਗਿਆਨ ਦੇ ਪ੍ਰੇਮੀ ਆਖਦੇ ਸਨ।

ਸਿਕੰਦਰੀਆ ਦੇ ਕਲੇਮੈਂਟ ਜਿਹੇ ਸ਼ੁਰੂਆਤੀ ਲੇਖਕ ਇਹ ਤਰਕ ਦੇਣ ਨੂੰ ਤਿਆਰ ਰਹਿੰਦੇ ਸਨ ਕਿ ਪੌਲੁਸ ਹਰ ਤਰ੍ਹਾਂ ਦੀ ਫ਼ਿਲਾਸਫ਼ੀ ਨੂੰ ਗਲਤ ਨਹੀਂ ਕਹਿ ਰਿਹਾ ਸੀ।[4] ਫਿਲੋ ਨੇ ਅਸਲ ਫ਼ਿਲਾਸਫ਼ੀ ਦੀ ਤਾਰੀਫ਼ ਕੀਤੀ, ਪਰ ਉਸ ਨੇ ਆਪਣੀ ਭਾਸ਼ਣਕਲਾ ਨਾਲ ਸਚਿਆਈ ਨੂੰ ਵਿਗਾੜ ਦੇਣ ਵਾਲਿਆਂ ਦੀ ਨਿਖੇਧੀ ਕੀਤੀ।[5]

ਤਿਮੋਥਿਉਸ ਨੂੰ ਲਿਖਦਿਆਂ ਪੌਲੁਸ ਨੇ ''ਜਿਹੜਾ ਝੂਠ ਮੂਠ 'ਗਿਆਨ' ਕਹਾਉਂਦਾ ਹੈ ਉਹ ਦੀ ਗੰਦੀ ਬੁੜ ਬੁੜ ਅਤੇ ਵਿਰੋਧਤਾਈਆਂ ਵੱਲੋਂ ਮੂੰਹ ਭੁਆਂ'' ਲੈਣ ਦੀ ਚਿਤਾਵਨੀ ਦਿੱਤੀ (1 ਤਿਮੋਥਿਉਸ 6:20)। ਉਸ ਨੇ ਕੁਲੁੱਸੀਆਂ ਨੂੰ ਮਨੁੱਖੀ ਸਮਝ ਤੇ ਅਧਾਰਿਤ ਸਿੱਖਿਆ ਨੂੰ ਮੰਨਣ ਦੀ ਬਜਾਇ ਮਸੀਹ ਦੀ ਸਮਝ ਉੱਤੇ ਧਿਆਨ ਦੇਣ ਲਈ ਪ੍ਰੇਰਿਆ। ਉਹ ਫ਼ਿਲਾਸਫ਼ੀ ਨੂੰ ਨਹੀਂ ਬਲਕਿ ਸਿਰਫ਼ ਉਸ ਨੂੰ ਗਲਤ ਠਹਿਰਾ ਰਿਹਾ ਸੀ, ਜੋ ਮਸੀਹ ਦੀ ਸਿੱਖਿਆ ਤੋਂ ਉਲਟ ਸੀ। ਕਾਫ਼ਿਰ ਅਤੇ ਯਹੂਦੀ ਪਾਠਸ਼ਾਲਾਵਾਂ ਦੀ ਉਸ ਸਮੇਂ ਦੀ ਫ਼ਿਲਾਸਫ਼ੀ ਪਰਮੇਸ਼ੁਰ ਅਤੇ ਸੰਸਾਰ ਦੇ ਵਿਚਾਰਾਂ ਦੀਆਂ ਸਿੱਖਿਆਵਾਂ ਨਾਲ ਸਬੰਧਿਤ ਸੀ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮਸੀਹੀ ਸਿੱਖਿਆ ਦੇ ਉਲਟ ਸਨ। ਫ਼ਿਲਾਸਫ਼ਰ ਉਨ੍ਹਾਂ ਸਿੱਖਿਆਵਾਂ ਨੂੰ ਦੱਸ ਰਹੇ ਸਨ ਜੋ ਵਿਸ਼ਵਾਸ ਲਈ ਵਿਨਾਸ਼ਕਾਰੀ ਸਨ।

ਏਪੀਕੁਰੀ ਅਤੇ ਸਤੋਇਕੀ ''ਦਾਰਸ਼ਨਿਕਾਂ'' ਨੇ ਬਜਾਰ ਵਿਚ ਅਤੇ ਅਥੇਨੇ ਵਿਚ ਅਰਿਯੁਪਗੁਸ ਵਿਚ ਝਗੜਾ ਕੀਤਾ (ਰਸੂਲਾਂ ਦੇ ਕੰਮ 17:18, 19)। ਇਨ੍ਹਾਂ ਲੋਕਾਂ ਦੀ ਸੋਚ ਖ਼ੁਦਾਈ ਮੁਕਾਸ਼ਫ਼ੇ ਦੀ ਬਜਾਇ ਮਨੁੱਖੀ ਸਮਝ ਤੇ ਅਧਾਰਿਤ ਸੀ।

**''ਅਤੇ ਲਾਗ ਲਪੇਟ''** (2:8)

''ਫ਼ਿਲਾਸਫ਼ੀ'' ਦਾ ਸਬੰਧ ਬਹੁਤ ਹੀ ਨਜ਼ਦੀਕੀ ਨਾਲ **ਲਾਗ ਲਪੇਟ**[6] (*kenēapatē*) ਨਾਲ ਹੈ। ਯੂਨਾਨੀ ਭਾਸ਼ਾ ਵਿਚ *philosophia* ਅਤੇ *apatē* ਤੋਂ ਪਹਿਲਾਂ ਸਿਰਫ਼ ਇਕ ਉਪਪਦ ਲਗਦਾ ਹੈ। ਦੋਹਾਂ ਵਿੱਚੋਂ ਕਿਸੇ ਤੋਂ ਵੀ ਪਹਿਲਾਂ ਉਪਸਰਗ ਨਹੀਂ ਹੈ। ਇਸ ਵਾਕ ਅੰਸ਼ ਦਾ ਅਨੁਵਾਦ ''ਵਿਅਰਥ ਮਨੁੱਖੀ ਖੋਜ ਦਾ ਕਾਲਪਨਿਕ ਫਲ਼ਸਫ਼ਾ'' ਜਾਂ ''ਫ਼ਿਲਾਸਫ਼ੀ, ਨਿਰ੍ਹਾ ਧੋਖਾ।''

ਪੌਲੁਸ ਗੁਮਰਾਹ ਕਰਨ ਵਾਲੀ ਬੁੱਧ ਦੀ ਨਿੰਦਿਆ ਕਰ ਰਿਹਾ ਸੀ ਜੋ ਕਪਟ ਭਰੇ ਢੰਗ ਨਾਲ ਬੇਕਾਰ ਸੀ ਅਤੇ ਝੂਠ ਤੇ ਅਧਾਰਿਤ ਸੀ, ਪਰ ਮਨ ਨੂੰ ਭਾਉਣ ਵਾਲਾ ਮਨੁੱਖੀ ਤਰਕ ਨਾਲ ਭਰਪੂਰ ਸੀ। ਇਹੋ ਜਿਹੀ ਫ਼ਿਲਾਸਫ਼ੀ ਸਚਿਆਈ, ਅੰਦਰ ਦੀ ਸ਼ਕਤੀ, ਆਸ ਅਤੇ ਅਨੰਤ ਜੀਵਨ ਨਹੀਂ ਸੀ। ਸਗੋਂ ਭਰਮਾਉਣ ਵਾਲੀ ਸੀ ਕਿਉਂਕਿ ਇਸ ਦਾ ਭਰਮਾਉਣਾ ਇਸਦੀ ਵਿਅਰਥ, ਵਿਨਾਸ਼ਕਾਰੀ ਸਰਿਸ਼ਟ ਨੂੰ ਡੱਕ ਸਕਦਾ ਸੀ। ਪੌਲੁਸ ਭਾਈਆਂ ਨੂੰ ਸੱਚੀ ਬੁੱਧ ਅਤੇ ਮਸੀਹ ਵਿਚ ਜੀਵਨ ਤੋਂ ਦੂਰ ਨਾ ਹੋਣ ਦੀ ਚਿਤਾਵਨੀ ਦੇ ਰਿਹਾ ਸੀ।

ਬੁੱਧ ਦੀ ਆਪਣੀ ਖੋਜ ਵਿਚ ਫ਼ਿਲਾਸਫ਼ਰ ਜਾਂ ਦਾਰਸ਼ਨਿਕ ਖ਼ੁਦਾਈ ਮੁਕਾਸ਼ਫ਼ੇ ਤੇ ਨਹੀਂ ਬਲਕਿ ਸਿਰਫ਼ ਮਨੁੱਖੀ ਤਰਕ ਤੇ ਨਿਰਭਰ ਸਨ। ਪੌਲੁਸ ਨੇ ਇਸ ਮੁਸ਼ਕਿਲ ਨੂੰ ਇਸੇ ਤਰੀਕੇ ਨਾਲ ਸਮਝਾਇਆ: ''ਇਸ਼ ਲਈ ਕਿ ਜਦੋਂ ਪਰਮੇਸ਼ੁਰ ਦੇ ਗਿਆਨ ਤੋਂ ਐਉਂ ਹੋਇਆ ਭਈ ਸੰਸਾਰ ਨੇ ਆਪਣੀ ਬੁੱਧ ਦੇ ਰਾਹੀਂ ਪਰਮੇਸ਼ੁਰ ਨੂੰ ਨਾ ਜਾਣਿਆ ਤਦ ਪਰਮੇਸ਼ੁਰ ਨੂੰ ਇਹ ਭਾਇਆ ਜੋ ਪ੍ਰਚਾਰ ਦੀ ਮੂਰਖਤਾਈ ਨਾਲ ਨਿਹਚਾਵਾਨਾਂ ਨੂੰ ਬਚਾਵੇ'' (1 ਕੁਰਿੰਥੀਆਂ 1:21)। ਝੂਠੇ ਗੁਰੂ ਸਚਿਆਈ ਨੂੰ ਵਿਗਾੜ ਕੇ ਲੋਕਾਂ ਨੂੰ ਭਟਕਾਅ ਰਹੇ ਸਨ। ਝੂਠ ਵਿਚ ਆਮ ਤੌਰ ਤੇ ਐਨੀ ਕੁ ਸਚਿਆਈ ਹੁੰਦੀ ਹੈ ਕਿ ਉਹ ਚੰਗਾ ਲੱਗੇ ਅਤੇ ਇਹਦਾ ਝੂਠ ਨਜ਼ਰ ਨਾ ਆਵੇ। ਕਈ ਝੂਠੀਆਂ ਸਿੱਖਿਆਵਾਂ ਵਿਚ ਇਨਾਂ ਝੂਠ ਹੁੰਦਾ ਹੈ ਕਿ ਉਹ ਖ਼ਤਰਨਾਕ ਅਤੇ ਨਰਕ ਵਿਚ ਭੇਜਣ ਵਾਸਤੇ ਕਾਫ਼ੀ ਹੁੰਦੀਆਂ ਹਨ।

ਯਿਸੂ ਨੇ ਰਸੂਲਾਂ ਨੂੰ ਸਚਿਆਈ ਦਿੱਤੀ (ਯੂਹੰਨਾ 1:17), ਜਿਨ੍ਹਾਂ ਨੂੰ ਅੱਗੇ ਪਵਿੱਤਰ ਆਤਮਾ ਨਾਲ ਸਾਰੀ ਸਚਿਆਈ ਵਿਚ ਅਗਵਾਈ ਦਿੱਤੀ ਜਾਣੀ ਸੀ (ਯੂਹੰਨਾ 16:13)। ਕਾਲਪਨਿਕ ਫ਼ਿਲਾਸਫ਼ੀ ਨਾਲ ਯਿਸੂ ਦੀ ਸਿੱਖਿਆ ਨੂੰ ਮੰਨਣ ਦੀ ਬਜਾਇ ਮਸੀਹੀ ਲੋਕਾਂ ਨੂੰ ਵਚਨ ਦਾ ਆਦਰ ਕਰਦੇ ਹੋਏ ਇਸ ਨੂੰ ਹਲੀਮੀ ਨਾਲ ਮੰਨ ਲੈਣਾ ਚਾਹੀਦਾ ਹੈ। ਖ਼ੁਦਾ ਦੇ ਸੰਦੇਸ਼ ਨੂੰ ਸਮਝਣ ਦੀ ਸਾਡੀ ਪੂਰੀ ਕੋਸ਼ਿਸ਼ ਵਿਚ ਸਾਨੂੰ ਪੂਰੀ ਤਰ੍ਹਾਂ ਨਾਲ ਝੂਠ ਵਿੱਚੋਂ ਨਿੱਕਲ ਜਾਣਾ ਚਾਹੀਦਾ ਹੈ। ਵਚਨ ਵਿਚ ਮਨੁੱਖੀ ਸੋਚ ਨੂੰ ਪੜ੍ਹਨ ਦੀ ਕੋਸ਼ਿਸ਼ ਕਰਨ ਦੀ ਥਾਂ ਸਾਨੂੰ ਖ਼ੁਦਾ ਦੀ ਬੁੱਧ ਨੂੰ ਭਾਲਣਾ ਜ਼ਰੂਰੀ ਹੈ।

**''ਮਨੁੱਖਾਂ ਦੀਆਂ ਰੀਤਾਂ ਅਨੁਸਾਰ''** (2:8)

**ਰੀਤਾਂ** (*paradosis*) ਉਨ੍ਹਾਂ ਨੂੰ ਕਿਹਾ ਜਾਂਦਾ ਹੈ ''ਜਿਨ੍ਹਾਂ ਨੂੰ ਅੱਗੇ ਦਿੱਤਾ ਜਾਂਦਾ ਹੈ,'' ਜਿਵੇਂ ਸਿੱਖਿਆਵਾਂ ਅਤੇ ਰਿਵਾਜ਼। ਰੀਤਾਂ ਚੰਗੀਆਂ ਅਤੇ ਮਾੜੀਆਂ ਦੋਵੇਂ ਹੋ ਸਕਦੀਆਂ ਹਨ, ਜੋ ਇਸ ਤੇ ਨਿਰਭਰ ਕਰਦਾ ਹੈ ਕਿ ਇਹ ਕਿਸ ਵੱਲੋਂ ਦਿੱਤੀਆਂ ਗਈਆਂ ਹਨ। ਜੇ ਕੋਈ ਸਿੱਖਿਆ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਗੁਰੂ ਦੇ ਰਾਹੀਂ ਖ਼ੁਦਾ ਵੱਲੋਂ ਦਿੱਤੀ ਗਈ ਹੈ ਤਾਂ ਉਹ ਚੰਗੀ ਹੈ। ਪਰ ਜੇ ਇਸ ਨੂੰ ਦੇਣ ਵਾਲਾ ਕੋਈ ਮਨੁੱਖ ਹੈ ਤਾਂ ਇਹ ਬੁਰੀ ਹੋ ਸਕਦੀ ਹੈ। ਖ਼ੁਦਾ ਦੀ ਸਿੱਖਿਆ ਦਾ ਵਿਰੋਧ ਕਰਨ ਵਾਲੀ ਕਿਸੇ ਵੀ ਗੱਲ ਤੋਂ ਮੂੰਹ ਫੇਰ ਲੈਣਾ ਜ਼ਰੂਰੀ ਹੈ।

1 ਕੁਰਿੰਥੀਆਂ 11:2 ਵਿਚ ਪੌਲੁਸ ਨੇ ਕੁਰਿੰਥੀਆਂ ਦੀਆਂ ਉਨ੍ਹਾਂ ਰੀਤਾਂ ਨੂੰ ਮੰਨਣ ਲਈ ਜੋ ਉਨ੍ਹਾਂ ਨੂੰ ਉਨ੍ਹਾਂ ਤੋਂ ਮਿਲੀਆਂ ਸਨ, ਤਾਰੀਫ਼ ਕੀਤੀ। ਉਸ ਨੇ ਥੱਸਲੁਨੀਕੀਆਂ ਨੂੰ ਕਿਸੇ ਅਜਿਹੇ ਭਾਈ ਨੂੰ ਜਿਹੜਾ ਰੀਤਾਂ ਨੂੰ ਨਹੀਂ ਮੰਨਦਾ (2 ਥੱਸਲੁਨੀਕੀਆਂ 3:6) ਵੱਖਰਾ ਕਰ ਦੇਣ ਅਤੇ ਉਨ੍ਹਾਂ ਨੂੰ ਉਹ ਰੀਤਾਂ ਜੋ ਉਨ੍ਹਾਂ ਨੂੰ ਦਿੱਤੀਆਂ ਗਈਆਂ ਸਨ ਧਿਆਨ ਨਾਲ ਮੰਨਣ ਲਈ ਆਖਿਆ (2 ਥੱਸਲੁਨੀਕੀਆਂ 2:15) । ਇਹ ਚੰਗੀਆਂ ਰੀਤਾਂ ਸਨ, ਕਿਉਂਕਿ ਇਹ ਖ਼ੁਦਾ ਵੱਲੋਂ ਦਿੱਤੀਆਂ ਗਈਆਂ ਸਨ।

ਜਿਨ੍ਹਾਂ ਰੀਤਾਂ ਨੂੰ ਕੱਢ ਦੇਣਾ ਜ਼ਰੂਰੀ ਸੀ ਉਨ੍ਹਾਂ ਵਿੱਚੋਂ ਯਹੂਦੀ, ਕਾਫ਼ਿਰ ਅਤੇ ਕੋਈ ਵੀ ਮਨੁੱਖੀ ਰੀਤ ਹੈ ਜਿਹੜੀ ਪਰਮੇਸ਼ੁਰ ਦੀ ਰੀਤ ਨਾਲੋਂ ਉਲਟ ਹੋਵੇ। ਯਹੂਦੀਆਂ ਨੇ ਯਿਸੂ ਨੂੰ ਯਹੂਦੀ ਧਾਰਮਿਕ ਆਗੂਆਂ ਦੀਆਂ ਰੀਤਾਂ ਨੂੰ ਨਾ ਮੰਨਣ ਵਾਸਤੇ ਝਾੜਿਆ ਸੀ। ਉਸ ਨੇ ਉਨ੍ਹਾਂ ਨੂੰ ਇਹ ਦੱਸਦਿਆਂ ਜਵਾਬ ਦਿੱਤਾ ਕਿ ਉਨ੍ਹਾਂ ਦੀਆਂ ਰੀਤਾਂ ਖ਼ੁਦਾ ਦੀ ਇੱਛਾ ਦਾ ਉਲੰਘਣ ਸਨ ਅਤੇ ਉਨ੍ਹਾਂ ਨੂੰ ਨਕਾਰਾ ਕਰ ਦਿੰਦੀਆਂ ਸਨ (ਮੱਤੀ 15:2–6; ਮਰਕੁਸ 7:3–13)। ਮਨੁੱਖਾਂ ਦੇ ਹੁਕਮ ਖ਼ੁਦਾ ਦੀ ਬੰਦਗੀ ਕਰਨ ਲਈ ਕਿਸੇ ਕੰਮ ਦੇ ਨਹੀਂ ਹਨ (ਮਰਕੁਸ 7:7)। ਪੌਲੁਸ ਯਹੂਦੀ ਰੀਤਾਂ ਨੂੰ ਮੰਨਣ ਵਿਚ ਬੜਾ ਹੀ ਪੱਕਾ ਸੀ (ਗਲਾਤੀਆਂ 1:14)। ਪਤਰਸ ਨੇ ਉਨ੍ਹਾਂ ਲੋਕਾਂ ਦੇ ਸਬੰਧ ਵਿਚ ਜਿਹੜੇ ਰੋਮੀ ਸਰਕਾਰ ਦੇ ਪੂਰਵੀ ਇਲਾਕੇ ਵਿਚ ਫੈਲੇ ਹੋਏ ਸਨ, ਵਡੇਰਿਆਂ ਦੀਆਂ ਰੀਤਾਂ ਦੀ ਗੱਲ ਕੀਤੀ (1 ਪਤਰਸ 1:1, 18)। ਇਹ ਰੀਤਾਂ ਲੋਕਾਂ ਨੂੰ ਖ਼ੁਦਾ ਦੇ ਨਾਲ ਸਹੀ ਨਹੀਂ ਕਰ ਸਕਦੀਆਂ ਸਨ।

ਪੌਲੁਸ ਵੱਲੋਂ ਕੁਲੁੱਸੀਆਂ ਨੂੰ ਦਿੱਤੀ ਗਈ ਚਿਤਾਵਨੀ ਇਹ ਸੀ ਕਿ ਕਿਤੇ ਉਹ ਮਨੁੱਖਾਂ ਦੀਆਂ ਰੀਤਾਂ ਨਾਲ ਮਸੀਹ ਤੋਂ ਦੂਰ ਨਾ ਹੋ ਜਾਣ। ਯਿਸੂ ਨੇ ਚੇਲਿਆਂ ਨੂੰ ਉਨ੍ਹਾਂ ਨੂੰ ਜਿਨ੍ਹਾਂ ਨੂੰ ਉਨ੍ਹਾਂ ਨੇ ਬਪਤਿਸਮਾ ਦੇਣਾ ਸੀ, ਉਨ੍ਹਾਂ ਸਾਰੀਆਂ ਸਿੱਖਿਆਵਾਂ ਨੂੰ ਮੰਨਣ ਲਈ ਕਿਹਾ ਜਿਨ੍ਹਾਂ ਦਾ ਉਸ ਨੇ ਹੁਕਮ ਦਿੱਤਾ ਸੀ (ਮੱਤੀ 28:20)। ਕਿਸੇ ਵੀ ਹੋਰ ਸਿੱਖਿਆ ਦਾ ਹੁਕਮ ਮਨੁੱਖ ਵੱਲੋਂ ਹੋਣਾ ਸੀ ਨਾ ਕਿ ਮਸੀਹ ਵੱਲੋਂ। ਅਜਿਹੀਆਂ ਸਿੱਖਿਆਵਾਂ ਨੂੰ ਠੁਕਰਾਉਣਾ ਜ਼ਰੂਰੀ ਹੈ (ਤੀਤੁਸ 1:14)।

ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ ਨੇ ਯਿਸੂ ਤੋਂ ਇਕ ਅਹਿਮ ਸਵਾਲ ਪੁੱਛਿਆ: ''ਤੂੰ ਕਿਹੜੇ ਇਖ਼ਤਿਆਰ ਨਾਲ ਇਹ ਕੰਮ ਕਰਦਾ ਹੈਂ ਅਰ ਕਿਹ ਨੇ ਤੈਨੂੰ ਇਹ ਇਖ਼ਤਿਆਰ ਦਿੱਤਾ?'' (ਮੱਤੀ 21:23)। ਜਵਾਬ ਵਿਚ ਯਿਸੂ ਨੇ ਉਨ੍ਹਾਂ ਤੋਂ ਪੁੱਛਿਆ ਕਿ ਯੂਹੰਨਾ ਦਾ ਬਪਤਿਸਮਾ ''ਸੁਰਗ ਵੱਲੋਂ ਸੀ ਯਾ ਮਨੁੱਖਾਂ ਵੱਲੋਂ?'' (ਮੱਤੀ 21:25)। ਯਿਸੂ ਦੀ ਮਰਜ਼ੀ ਨੂੰ ਤੈਅ ਦੀ ਕੋਸ਼ਿਸ਼ ਵਿਚ ਸਾਨੂੰ ਕਿਸੇ ਰੀਤ ਦੇ ਸਬੰਧ ਵਿਚ ਤਿੰਨ ਸਵਾਲ ਕਰਨੇ ਚਾਹੀਦੇ ਹਨ: ''ਅਸੀਂ ਇਸ ਨੂੰ ਕਿਸ ਇਖ਼ਤਿਆਰ ਨਾਲ ਕਰ ਰਹੇ ਹਾਂ?''; ''ਇਸ ਨੂੰ ਕਰਨ ਦਾ ਇਖ਼ਤਿਆਰ ਕਿਸ ਨੇ ਦਿੱਤਾ ਹੈ?''; ਅਤੇ ''ਇਹ ਸੁਰਗ ਵੱਲੋਂ ਹੈ ਜਾਂ ਮਨੁੱਖਾਂ ਵੱਲੋਂ?''

ਯਿਸੂ ਦੀ ਸਿੱਖਿਆ ਬੰਦਿਸ਼ ਵਾਲੀ ਹੈ ਭਾਵ ਧਾਰਮਿਕ ਰੀਤਾਂ ਉਸ ਦੇ ਹੁਕਮ ਦੇ ਮੁਤਾਬਕ ਹੋਣੀਆਂ ਜ਼ਰੂਰੀ ਹਨ। ਮਨੁੱਖਾਂ ਵੱਲੋਂ ਆਰੰਭੀਆਂ ਗਈਆਂ ਰੀਤਾਂ ਦੀ ਥਾਂ ਮਸੀਹੀ ਲੋਕਾਂ ਨੂੰ ਸਿਰਫ਼ ਉਨ੍ਹਾਂ ਹੀ ਰੀਤਾਂ ਨੂੰ ਮੰਨਣਾ ਚਾਹੀਦਾ ਹੈ ਜੋ ਯਿਸੂ ਨੇ ਦੱਸੀਆਂ ਅਤੇ ਕਿਸੇ ਹੋਰ ਸਿੱਖਿਆ ਨੂੰ ਨਾ ਮੰਨਣ (1 ਤਿਮੋਥਿਉਸ 1:3; 6:3, 4)। ਕਿਸੇ ਹੋਰ ਇੰਜੀਲ ਨੂੰ ਸਿਖਾਉਣ ਵਾਲੇ ਲੋਕ ਸਰਾਪੀ ਹਨ (ਗਲਾਤੀਆਂ 1:7, 8)। ਜਦੋਂ ਯਿਸੂ ਨੇ ਕਿਸੇ ਗੱਲ ਨੂੰ ਪਸੰਦ ਕੀਤਾ ਹੈ ਤਾਂ ਮਸੀਹੀ ਲੋਕਾਂ ਨੂੰ ਇਸ ਦੀ ਇੱਜ਼ਤ ਕਰਨੀ ਚਾਹੀਦੀ ਹੈ। ਸਾਨੂੰ ਤਰਜੀਹ ਦੇਣ ਦੀ ਛੂਟ ਸਿਰਫ਼ ਉਨ੍ਹਾਂ ਹੀ ਗੱਲਾਂ ਵਿਚ ਹੈ ਜਿੱਥੇ ਯਿਸੂ ਨੇ ਆਪਣੀ ਪਸੰਦ ਨਹੀਂ ਦੱਸੀ।

**''ਸੰਸਾਰ ਦੀਆਂ ਮੂਲ ਗੱਲਾਂ ਦੇ ਅਨੁਸਾਰ'' (2:8)**

ਪੌਲੁਸ ਨੇ **ਸੰਸਾਰ ਦੀਆਂ ਮੂਲ ਗੱਲਾਂ** (*stoicheia tou kosmou*) ਭਾਵ ਸੰਸਾਰ ਦੇ ਲੋਕਾਂ ਵੱਲੋਂ ਬਣਾਏ ਗਏ ਗੈਰ ਮਸੀਹੀ ਨਿਯਮਾਂ ਦੇ ਸਬੰਧ ਵਿਚ ਚਿਤਾਵਨੀ ਦਿੱਤੀ। ਇਸ ਵਾਕ ਅੰਸ਼ ਵਿਚ

ਜੋ ਆਇਤ 20 ਦੇ ਸ਼ਬਦਾਂ ਅਤੇ ਗਲਾਤੀਆਂ 4:3, 9 ਦੇ ਸ਼ਬਦਾਂ ਨਾਲ ਮਿਲਦਾ ਹੈ, ਝਗੜਾ ਹੋ ਗਿਆ ਹੈ। ਯੂਨਾਨੀ ਭਾਸ਼ਾ ਵਿਚ ''ਮੂਲ ਗੱਲਾਂ'' ਦਾ ਨਾਂਉਂ ਸ਼ਬਦ *stoicheia* ਹੈ। ਨਵੇਂ ਨੇਮ ਦੇ ਹੋਰ ਹਵਾਲਿਆਂ ਵਿਚ ਇਸ ਸ਼ਬਦ ਦੀ ਵਰਤੋਂ ਮਸੀਹੀਅਤ ਦੀਆਂ ਬੁਨਿਆਦੀ ਸਿੱਖਿਆਵਾਂ (ਇਬਰਾਨੀਆਂ 5:12) ਅਤੇ ਸਾਰ ਜਿਸ ਨਾਲ ਜਿਸਮਾਨੀ ਚੀਜ਼ਾਂ ਬਣਦੀਆਂ ਹਨ (2 ਪਤਰਸ 3:10, 12) ਦੇ ਦੋ ਅਰਥਾਂ ਵਿਚ ਕੀਤੀ ਗਈ ਹੈ। ਇਨ੍ਹਾਂ ਸ਼ਬਦਾਂ ਦਾ ਅਰਥ ਕਿਸੇ ਵੀ ਗੱਲ ਦੇ ਬੁਨਿਆਦੀ ਤੱਤ ਹੋ ਸਕਦਾ ਹੈ, ਉਦਾਹਰਣ ਲਈ ਪੈਂਤੀ ਦੇ ਅੱਖਰ।

''ਸੰਸਾਰ ਦੀਆਂ ਮੂਲ ਗੱਲਾਂ'' ਦੇ ਅਰਥ ਦੇ ਸਬੰਧ ਵਿਚ ਚਾਰ ਵੱਡੇ ਸੁਝਾਅ ਦਿੱਤੇ ਗਏ ਹਨ। (1) ਪੌਲੁਸ ਦੇ ਕਹਿਣ ਦਾ ਮਤਲਬ ਸੰਸਾਰ ਵਿਚ ਪਾਏ ਜਾਣ ਵਾਲੇ ਬੁਰਿਆਈ ਦੇ ਪਦਾਰਥ ਸੀ, ਜਿਵੇਂ ਭੂਤ ਜਾਂ ਬਦਰੂਹਾਂ ਜਾਂ ਫ਼ਰਿਸ਼ਤੇ ਜਿਹੜੇ ਸੰਸਾਰ ਨੂੰ ਚਲਾਉਂਦੇ ਹਨ।[7] (2) ਇਸ ਦੇ ਕਹਿਣ ਦਾ ਮਤਲਬ ਅਕਾਸ਼ੀ ਪਿੰਡ ਸੀ, ਜੋ ਮਨੁੱਖਾਂ ਦੇ ਮਾਮਲਿਆਂ ਨੂੰ ਪ੍ਰਭਾਵਿਤ ਕਰਦੇ ਹਨ। ਯੂਨਾਨੀ ਲੋਕ ਆਤਮਾਵਾਂ ਨੂੰ ਅੱਗ, ਪੌਣ, ਧਰਤੀ ਅਤੇ ਪਾਣੀ ਨਾਲ ਚੱਲਣ ਨਾਲ ਜੋੜਦੇ ਸਨ। ਉਹ ਤਾਰਿਆਂ ਦੇ ਨਾਲ ਨਾਲ ਸੰਸਾਰ ਦੇ ਇਨ੍ਹਾਂ ਚਾਰ ਪਦਾਰਥਾਂ ਦੀਆਂ ਆਤਮਾਵਾਂ ਦੀ ਪੂਜਾ ਕਰਦੇ ਸਨ। (3) ਪੌਲੁਸ ਜੀਵਨ ਦੇ ਅਰਥ ਦੇ ਨਾਲ ਨਾਲ ਸੰਸਾਰ ਦੇ ਆਰੰਭ ਅਤੇ ਬਨਾਵਟ ਦੇ ਸਬੰਧ ਵਿਚ ਗੈਰ ਮਸੀਹੀ ਵਿਚਾਰਕਾਂ ਦੇ ਵਿਸ਼ਵਦਰਸ਼ਣ ਦੀ ਗੱਲ ਕਰ ਰਿਹਾ ਸੀ। (4) ਪੌਲੁਸ ਦੇ ਮਨ ਵਿਚ ਰੂਹਾਨੀ ਸਮਝ ਤੋਂ ਸੱਖਣੇ ਲੋਕਾਂ ਵੱਲੋਂ ਬਣਾਏ ਗਏ ਬੁਨਿਆਦੀ ਅਤੇ ਅੰਦਰੂਨੀ ਨਿਯਮਾਂ ਦੀ ਗੱਲ ਸੀ। ਯਹੂਦੀ ਅਤੇ ਗੈਰ ਮਸੀਹੀ ਲੋਕਾਂ ਰਾਹੀਂ ਬਣਾਏ ਗਏ ਨਿਯਮਾਂ ਅਤੇ ਕਾਇਦਿਆਂ ਨੂੰ ਮੰਨਣਾ ਖ਼ੁਦਾ ਵੱਲੋਂ ਬਰਕਤ ਪਾਉਣ ਲਈ ਜ਼ਰੂਰੀ ਮੰਨਿਆ ਜਾਂਦਾ ਸੀ।

ਦੱਸੇ ਗਏ ਚਾਰ ਅਰਥਾਂ ਵਿੱਚੋਂ ਚੌਥਾ ਅਰਥ ਸਭ ਤੋਂ ਵਧੀਆ ਹੈ। ''ਸੰਸਾਰ ਦੀਆਂ ਮੂਲ ਗੱਲਾਂ'' ਤੋਂ ਪੌਲੁਸ ਦਾ ਮਤਲਬ ਉਹ ਬੁਨਿਆਦੀ ਸਿੱਖਿਆ ਸੀ ਜਿਹੜੀ ਪਰਮੇਸ਼ੁਰ ਦੀ ਬਜਾਇ ਸੰਸਾਰਿਕ ਬੁੱਧ ਤੇ ਅਧਾਰਿਤ ਸੀ (1 ਕੁਰਿੰਥੀਆਂ 1:20, 21)। ਅੱਗੇ ਪਿੱਛੇ ਦਾ ਸੰਦਰਭ ਇਸ ਵਾਕ ਅੰਸ਼ ਨੂੰ ਸਪੱਸ਼ਟ ਨਹੀਂ ਕਰਦਾ, ਇਸ ਕਾਰਣ ਇਸ ਦਾ ਅਰਥ ਬਾਅਦ ਵਿਚ ਕੁਲੁੱਸੀਆਂ 2:14, 16, 18, 21–23 ਵਿਚ ਮਿਲੇਗਾ। ਇਨ੍ਹਾਂ ਆਇਤਾਂ ਵਿਚ ਪੌਲੁਸ ਦੀ ਚਿੰਤਾ ਯਹੂਦੀ ਅਤੇ ਕਾਫ਼ਿਰ ਰੀਤਾਂ ਦੇ ਨਾਲ ਨਾਲ ਸ਼ਰ੍ਹਾ ਲਈ ਸੀ। ਸ਼ਰ੍ਹਾ ਨੂੰ ਸਿਰਫ਼ ਨਵੇਂ ਨੇਮ ਦੀ ਭੂਮਿਕਾ ਲਈ ਦਿੱਤਾ ਗਿਆ ਸੀ (ਗਲਾਤੀਆਂ 3:24, 25), ਜਿਸ ਨੇ ਜੀਉਣ ਦੇ ਸੱਚੇ ਰੂਹਾਨੀ ਅਰਥ ਨੂੰ ਦੱਸਿਆ ਸੀ। ਮਸੀਹ ਦੀ ਸਿੱਖਿਆ ਦੇ ਮੁਕਾਬਲੇ ਗੈਰ ਮਸੀਹੀ ਲੋਕਾਂ ਦੀ ਸਮਝ ਬਹੁਤ ਹੀ ਆਮ ਸੀ। ਉਸ ਨੇ ਜੀਵਨ ਦਾ ਉੱਚ ਢੰਗ ਪੇਸ਼ ਕੀਤਾ ਅਤੇ ਦੱਸਿਆ ਕਿ ਪਰਮੇਸ਼ੁਰ ਦੇ ਨਾਲ ਨਿੱਜੀ ਸਬੰਧ ਕਿਵੇਂ ਬਣਾਇਆ ਜਾਵੇ। ਇਕ ਮਸੀਹੀ ਲਈ ਯਹੂਦੀ ਜਾਂ ਕਾਫ਼ਿਰ ਤਰੀਕੇ ਨਾਲ ਜ਼ਿੰਦਗੀ ਜੀਣ ਦੀ ਕੋਸ਼ਿਸ਼ ਕਰਨ ਦਾ ਮਤਲਬ ਯੂਨੀਵਰਸਿਟੀ ਨੂੰ ਛੱਡ ਕੇ ਸਕੂਲ ਵਿਚ ਵਾਪਸ ਜਾਣ ਵਰਗਾ ਸੀ। ਪੌਲੁਸ ਯਿਸੂ ਦੀ ਉੱਚ ਸਿੱਖਿਆ ਤੋਂ ਇਲਾਵਾ ਅਗਿਆਨੀ, ਛੋਟੀ ਅਤੇ ਝੂਠੀ ਸਿੱਖਿਆ ਨੂੰ ਮੰਨਣ ਦੇ ਵਿਰੁਧ ਚਿਤਾਵਨੀ ਦੇ ਰਿਹਾ ਸੀ।

### ''ਮਸੀਹ ਦੇ ਅਨੁਸਾਰ ਨਹੀਂ'' (2:8)

ਇਹ ਲਿਖਦੇ ਹੋਏ ਕਿ ਮਸੀਹ ਵਿਚ ''ਬੁੱਧ ਅਤੇ ਗਿਆਨ ਦੇ ਸਾਰੇ ਖ਼ਜ਼ਾਨੇ ਗੁਪਤ ਹਨ'' (2:3) ਪੌਲੁਸ ਨੇ ਸਿਰਫ਼ ਯਿਸੂ ਦੇ ਮਗਰ ਚੱਲਣ ਦੀ ਲੋੜ ਦਾ ਅਧਾਰ ਬਣਾ ਦਿੱਤਾ। ਆਇਤ 8 ਵਿਚ ਉਸ ਨੇ ਨਕਾਰਾਤਮਕ ਅਤੇ ਫਿਰ ਸਕਾਰਾਤਮਕ ਗੱਲ ਦੱਸੀ। ਉਸ ਨੇ ਕੁਲੁੱਸੇ ਦੇ ਲੋਕਾਂ ਨੂੰ ਮਨੁੱਖੀ ਬੁੱਧ ਅਤੇ ਰੀਤਾਂ ਦੇ ਇਲਾਵਾ ਯਿਸੂ ਦੇ ਹੁਕਮ ਮੰਨਣ ਲਈ ਦਲੇਰ ਕੀਤਾ। ਉਨ੍ਹਾਂ ਅੱਗੇ ਇਕ ਪਸੰਦ ਸੀ। ਉਹ ਜਾਂ ਤਾਂ ਯਿਸੂ ਦੇ ਮਗਰ ਚੱਲ ਸਕਦੇ ਸਨ ਜਾਂ ਝੂਠੀ ਫ਼ਿਲਾਸਫ਼ੀ, ਮਨੁੱਖ ਦੀਆਂ ਰੀਤਾਂ ਅਤੇ ਬਚਕਾਨਾ ਕਿਆਫ਼ਿਆਂ ਵਿਚ ਚੱਲ ਸਕਦੇ ਸਨ, ਜਿਹੜੇ ਮਸੀਹ ਵੱਲੋਂ ਨਹੀਂ ਸਨ। ਜੇ ਉਹ ਉਨ੍ਹਾਂ ਨਾਲ ਚੱਲਦੇ

ਤਾਂ ਉਨ੍ਹਾਂ ਨੇ ਮਸੀਹ ਨਾਲੋਂ ਆਪਣੀ ਵਫ਼ਾਦਾਰੀ ਗੁਆ ਦੇਣੀ ਸੀ ਅਤੇ ਉਸ ਤੋਂ ਮਿਲਣ ਵਾਲੀਆਂ ਬਰਕਤਾਂ ਤੋਂ ਵਾਂਝੇ ਹੋ ਕੇ ਬੰਦੀ ਬਣ ਜਾਣਾ ਸੀ। ਪੌਲੁਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇੱਕੋ ਹੀ ਪਸੰਦ ਸਹੀ ਹੈ ਕਿ ਮਨੁੱਖਾਂ ਦੀ ਬਣਾਈ ਕਿਸੇ ਵੀ ਰੀਤ ਨੂੰ ਮੰਨਣ ਦੀ ਬਜਾਇ ਮਸੀਹ ਦੇ ਮਗਰ ਚੱਲਿਆ ਜਾਵੇ। ਉਨ੍ਹਾਂ ਨਿਯਮਾਂ, ਸਿੱਖਿਆਵਾਂ ਅਤੇ ਰੀਤਾਂ ਨੂੰ ਮੰਨਣ ਲਈ ਜਿਹੜੇ ਮਸੀਹ ਵੱਲੋਂ ਨਹੀਂ ਹਨ ਕਿਸੇ ਨੂੰ ਵੀ ਖ਼ੁਦਾ ਵੱਲੋਂ ਇਖ਼ਤਿਆਰ ਨਹੀਂ ਹੈ।

## ਮਸੀਹ ਵਿਚ ਖ਼ੁਦਾ ਦੇਹਧਾਰੀ (2:9)

**[9]ਕਿਉਂ ਜੋ ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ ਓਸੇ ਵਿਚ ਦੇਹ ਧਾਰੀ ਹੋ ਕੇ ਵੱਸਦੀ ਹੈ।**

**''ਕਿਉਂ ਜੋ ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ ਓਸੇ ਵਿਚ ਦੇਹ ਧਾਰੀ ਹੋ ਕੇ ਵੱਸਦੀ ਹੈ''** (2:9)

1:15–19 ਅਤੇ 2:3 ਵਿਚ ਆਰੰਭ ਕੀਤੀਆਂ ਗਈਆਂ ਗੱਲਾਂ ਵਿਚ ਆਇਤਾਂ 8 ਅਤੇ 9 ਜੋੜ ਦਿੰਦੀਆਂ ਹਨ। ਪੌਲੁਸ ਇਹ ਯਕੀਨੀ ਬਣਾਉਣਾ ਚਾਹੁੰਦਾ ਸੀ ਕਿ ਕੁਲੁੱਸੇ ਦੇ ਲੋਕਾਂ ਨੂੰ ਯਿਸੂ ਦੀ ਸਿੱਖਿਆ ਤਕ ਆਪਣੀ ਸੋਚ ਨੂੰ ਸੀਮਤ ਕਰਨ ਦੀ ਅਹਿਮੀਅਤ ਸਮਝ ਆ ਜਾਵੇ।

*ਕਿਉਂ ਜੋ* ਦੀ ਵਰਤੋਂ ਕਰਕੇ ਪੌਲੁਸ ਨੇ ਆਇਤ 9 ਵਿਚ **ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ** ਨੂੰ ਦੂਜੇ ਵਾਕ ਅੰਸ਼ ''ਮਸੀਹ ਦੇ ਅਨੁਸਾਰ ਨਹੀਂ'' ਦੇ ਨਾਲ ਜੋੜ ਦਿੱਤਾ। ਮਨੁੱਖਾਂ ਦੀ ਸਿੱਖਿਆ ਦੀ ਬਜਾਇ ਯਿਸੂ ਦੀ ਮੰਨਣ ਦਾ *ਕਾਰਣ* ਇਸੇ ਉੱਤੇ ਅਧਾਰਿਤ ਹੈ ਕਿ ਯਿਸੂ ਕੌਣ ਹੈ। ਜੇ ਉਹ ਖ਼ੁਦਾ ਹੈ ਅਤੇ ਉਸ ਵਿਚ ਖ਼ੁਦਾਈ ਦੇ ਸਾਰੇ ਗੁਣ ਹਨ, ਤਾਂ ਉਸ ਦੀਆ ਸਿਖਾਈਆਂ ਗਈਆਂ ਗੱਲਾਂ ਸੱਚ ਹਨ ਅਤੇ ਪਰਤੱਖ ਹਨ। ਖ਼ੁਦਾ ਝੂਠ ਨਹੀਂ ਬੋਲਦਾ (ਇਬਰਾਨੀਆਂ 6:18), ਇਸ ਕਰਕੇ ਉਸ ਦੀ ਸਿੱਖਿਆ ਸੱਚੀ ਹੈ। ਕੋਈ ਵੀ ਸਿੱਖਿਆ ਜੋ ਯਿਸੂ ਦੀ ਪਰਗਟ ਕੀਤੀ ਹੋਈ ਸਚਿਆਈ ਨਾਲ ਮੇਲ ਨਹੀਂ ਖਾਂਦੀ ਹੈ ਉਹ ਝੂਠੀ ਹੈ (1 ਯੂਹੰਨਾ 2:21) ਅਤੇ ਉਸ ਨੂੰ ਯਿਸੂ ਦੇ ਇਖ਼ਤਿਆਰ ਦੀ ਹਮਾਇਤ ਨਹੀਂ ਹੈ।

1:19 ਵਿਚ ਦੱਸਿਆ ਗਿਆ ਸ਼ਬਦ ''ਭਰਪੂਰੀ'' ਹੋ ਸਕਦਾ ਹੈ ਕਿ ਇਸ ਆਇਤ ਵਾਲਾ ਨਾ ਹੋਵੇ। ਉੱਥੇ ਪੌਲੁਸ ਨੇ ਕਿਹਾ ਕਿ ਖ਼ੁਦਾ ਨੇ ਮਸੀਹ ਵਿਚ ''ਵਾਸ ਕਰਨ ਲਈ'' (*katoikeō*) ਸਾਰੀ ਭਰਪੂਰੀ ਨੂੰ ਬਣਾਇਆ। 1:19 ਵਿਚ ਇਸ ਅਨਿਸ਼ਚਿਤ ਭੂਤਕਾਲ ਕ੍ਰਿਦੰਤ ਦਾ ਅਨੁਵਾਦ ''ਵਾਸ ਕਰਨਾ'' ਕਰੇਗਾ। ਸੰਕੇਤ ਦਿੰਦਾ ਹੈ ਕਿ ਇੱਥੇ ਜਿਸ ਭਰਪੂਰੀ ਦੀ ਗੱਲ ਕੀਤੀ ਜਾ ਰਹੀ ਹੈ ਯਿਸੂ ਵਿਚ ਉਹ ਹਮੇਸ਼ਾ ਤੋਂ ਨਹੀਂ ਸੀ, ਬਲਕਿ ਉਸ ਦਾ ਵਾਸ ਸਮੇਂ ਵਿਚ ਕੁਝ ਦੇਰ ਲਈ ਹੋਇਆ ਸੀ। ਆਪਣੇ ਦੇਹਧਾਰੀ ਹੋਣ ਤੋਂ ਪਹਿਲਾਂ ਉਹ ਮਨੁੱਖਾਂ ਦੇ ਮੁਕਤੀਦਾਤੇ ਦੇ ਰੂਪ ਵਿਚ ਅਧੂਰਾ ਸੀ। ਸਲੀਬ ਤੇ ਆਪਣੀ ਮੌਤ ਦੇ ਰਾਹੀਂ ਉਸ ਨੇ ਪਾਪ ਦੀ ਕੁਰਬਾਨੀ ਦੀਆਂ ਸ਼ਰਤਾਂ ਨੂੰ ਪੂਰੀ ਤਰ੍ਹਾਂ ਨਾਲ ਪੂਰਾ ਕੀਤਾ (ਇਬਰਾਨੀਆਂ 5:8, 9)। ਉਹ ਆਪਣੀ ਜ਼ਿੰਦਗੀ, ਸਿੱਖਿਆ ਅਤੇ ਮੌਤ ਦੇ ਰਾਹੀਂ ਸਾਡੀਆਂ ਲੋੜਾਂ ਨੂੰ ਪੂਰਾ ਕਰਕੇ ਮਨੁੱਖ ਜਾਤੀ ਦੇ ਮੁਕਤੀਦਾਤੇ ਦੇ ਰੂਪ ਵਿਚ ਸਿੱਧ ਬਣਿਆ। ਇਸ ਨਾਲ ਸਾਰੀ ਭਰਪੂਰੀ ਲਈ ਉਸ ਵਿਚ ਵਾਸ ਕਰਨਾ ਸੰਭਵ ਹੋਇਆ।

2:9 ਵਿਚ ਪੌਲੁਸ ''ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ'' ਦੀ ਗੱਲ ਕਰ ਰਿਹਾ ਸੀ ਜਿਹੜੀ ਯਿਸੂ ਵਿਚ ਵਾਸ ਕਰਦੀ ਹੈ। ਜਦੋਂ ਉਹ ਸੰਸਾਰ ਵਿਚ ਆਇਆ ਅਤੇ ਉਸਨੇ ਸੰਸਾਰਿਕ ਦੇਹ ਨੂੰ ਪਹਿਨਣ ਲਈ ਆਪਣੀ ਸੁਰਗੀ ਦੇਹ ਨੂੰ ਲਾਹ ਦਿੱਤਾ; ਪਰ ਉਸ ਦੀ ਹੋਂਦ ਅਤੇ ਸ਼ਖ਼ਸੀਅਤ, ਲਾਤਬਦੀਲ ਖ਼ੁਦਾਈ ਹੀ ਰਹੀ। ਪੌਲੁਸ ਨੇ ਕਿਹਾ ਹੈ ਕਿ ''ਉਸ ਨੇ ਪਰਮੇਸ਼ੁਰ ਦੇ ਸਰੂਪ ਵਿਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਵਿਚ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿਚ ਜੰਮਿਆ'' (ਫ਼ਿਲਿੱਪੀਆਂ 2:6, 7)

। ਧਰਤੀ ਉੱਤੇ ਆਪਣੇ ਵਾਸ ਦੌਰਾਨ ਮਨੁੱਖੀ ਦੇਹ ਧਾਰ ਕੇ ਉਹ ਦੇਹਧਾਰੀ ਹੋਇਆ ਪਰਮੇਸ਼ੁਰ ਬਣ ਗਿਆ। ਉਹ ਆਪਣੇ ਸੁਰਗੀ ਸਰੀਰ ਵਿਚ ਉਹ ਮੱਨੁਖ ਨਹੀਂ ਸੀ। ਪਰ ਸਰੀਰਕ ਦੇਹ ਵਿਚ ਖ਼ੁਦਾ ਸੀ। ਕਿਸੇ ਵੀ ਵਕਤ ਉਹ ਖ਼ੁਦਾ ਨਾਲੋਂ ਘੱਟ ਨਹੀਂ ਸੀ, ਭਾਵੇਂ ਉਹ ਆਪਣੀ ਸੁਰਗੀ ਦੇਹ ਵਿਚ ਹੋਵੇ ਜਾਂ ਸੰਸਾਰਿਕ ਦੇਹ ਵਿਚ।

ਨਵੇਂ ਨੇਮ ਵਿਚ ''ਪਰਮੇਸ਼ੁਰਤਾਈ'' (*theotētos, theotēs* ਤੋਂ) ਸਿਰਫ਼ ਇੱਥੇ ਮਿਲਦਾ ਹੈ। ਕਈ ਸੰਸਕਰਣਾਂ ਦੇ ਰੂਪ ਵਿਚ ''ਖ਼ੁਦਾਈ'' (Godhead) ਦੀ ਵਰਤੋਂ ਕਰਕੇ ਇਸ ਸ਼ਬਦ ਦੇ ਭਾਵ ਨੂੰ ਸਮਝਾਇਆ ਜਾ ਸਕਦਾ ਹੈ (KJV; NKJV)। ਜੋ ਕੁਝ ਵੀ ਖ਼ੁਦਾਈ ਵਿਚ ਹੈ ਭਾਵ ਖ਼ੁਦਾਈ ਸੁਭਾਅ ਦੀ ਬਣਤਰ ਅਤੇ ਖ਼ੂਬੀਆਂ, ਉਹ ਸਭ ਯਿਸੂ ਵਿਚ ਪਾਈਆਂ ਜਾਂਦੀਆਂ ਹਨ। ਉਹ ਪਿਤਾ ਅਤੇ ਪਵਿੱਤਰ ਆਤਮਾ ਨਾਲੋਂ ਨਾ ਤਾਂ ਛੋਟਾ ਹੈ ਅਤੇ ਨਾ ਹੀ ਵੱਡਾ; ਬਲਕਿ ਉਸ ਵਿਚ ਬਿਲਕੁਲ ਉਹੀ ਸਮਾਨਤਾ ਪਾਈ ਜਾਂਦੀ ਹੈ ਜਿਹੜੀ ''ਪਰਮੇਸ਼ੁਰ'' ਜਾਂ ਖ਼ੁਦਾ ਸ਼ਬਦ ਵਿਚ ਸਮਾਈ ਲਗਦੀ ਹੈ। ਇਹ ਵਿਚਾਰ ਇਬਰਾਨੀਆਂ 1:3 ਵਿਚ ਵੀ ਵਿਖਾਇਆ ਗਿਆ ਹੈ: ''ਉਹ ਉਸ ਦੇ ਤੇਜ ਦਾ ਪ੍ਰਤੀਬਿੰਬ ਅਤੇ ਉਸ ਦੀ ਜ਼ਾਤ ਦਾ ਨਕਸ਼ ਹੋ ਕੇ ਆਪਣੇ ਸਮਰੱਥਾ ਦੇ ਵਚਨ ਨਾਲ ਸਭਨਾਂ ਵਸਤਾਂ ਨੂੰ ਸਮ੍ਹਾਲ ਕੇ ਅਰ ਪਾਪਾਂ ਨੂੰ ਮਾਫ਼ ਕਰ ਕੇ ਪਰਮ ਧਾਮ ਵਿਚ ਪਰਮੇਸ਼ੁਰ ਪਿਤਾ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।''

ਇੱਥੇ ਵਰਤਿਆ ਗਿਆ *theotēs* ਅਤੇ ਰੋਮੀਆਂ 1:20 ਵਿਚ ਵਰਤਿਆ ਗਿਆ *theiotēs* ਵਿਚ ਇਕ ਜ਼ਰੂਰੀ ਫ਼ਰਕ ਲਗਦਾ ਹੈ। ਹਰਬਰਟ ਐਮ. ਕਾਰਸਨ ਨੇ ਇਸ ਦੀ ਵਿਆਖਿਆ ਕੀਤੀ ਹੈ:

> ਇਸ ਕਾਰਣ ਰੋਮੀਆਂ [1:20] ਵਿਚ ਪੌਲੁਸ ਕਹਿ ਰਿਹਾ ਹੈ ਕਿ ਕੁਦਰਤ ਦੀ ਵਡਿਆਈ ਖ਼ੁਦਾ ਦੀ ਸ਼ਾਨ ਅਤੇ ਸ਼ਕਤੀ ਦਾ ਦਾਅਵਾ ਕਰਦੀ ਹੈ। ਪਰ ਉਸ ਨੇ ਇਹ ਨਹੀਂ ਕਿਹਾ ਕਿ ਕੁਦਰਤ ਖ਼ੁਦਾ ਨੂੰ ਮਨੁੱਖ ਦੇ ਰੂਪ ਵਿਚ ਓਸੇ ਤਰ੍ਹਾਂ ਪਰਗਟ ਕਰਦੀ ਹੈ ਜਿਵੇਂ ਉਹ ਮਸੀਹ ਵਿਚ ਪਰਗਟ ਹੋਇਆ ਹੈ। ਪਰ ਇੱਥੇ [ਕੁਲੁੱਸੀਆਂ 2:9] ਉਹ ਸਿਰਫ਼ ਐਨਾ ਹੀ ਨਹੀਂ ਕਹਿਣਾ ਚਾਹੁੰਦਾ ਕਿ ਖ਼ੁਦਾਈ ਗੁਣ ਮਸੀਹ ਵਿਚ ਪਰਗਟ ਕੀਤੇ ਗਏ ਹਨ। ਬਲਕਿ ਉਹ ਇਸ ਗੱਲ ਤੇ ਜ਼ੋਰ ਦੇ ਰਿਹਾ ਹੈ ਕਿ ਮਸੀਹ ਵਿਚ ਖ਼ੁਦਾ ਦਾ ਆਪਣਾ ਪਦਾਰਥ ਵਾਸ ਕਰਦਾ ਹੈ ਅਤੇ ਓਸੇ ਕਾਰਣ ਉਹ ਬਹੁਤ ਹੀ ਜ਼ਰੂਰੀ ਖ਼ੁਦਾਈ ਦੇ ਇਸ ਵਿਚਾਰ ਨੂੰ ਸਮਝਾਉਣ ਲਈ *theotes* ਦੀ ਵਰਤੋਂ ਕਰਦਾ ਹੈ।[8]

ਇਹ ਕਹਿ ਕੇ ਕਿ ਖ਼ੁਦਾਈ ਦੀ ਭਰਪੂਰੀ ਮਸੀਹ ਵਿਚ **ਵੱਸਦੀ ਹੈ** (*katoikeō*) ਪੌਲੁਸ ਨੇ ਵਰਤਮਾਨ ਕਾਲ ਦੀ ਵਰਤੋਂ ਕਰਦਿਆਂ ਇਹ ਸੰਕੇਤ ਦਿੱਤਾ ਕਿ ਇਹ ਯਿਸੂ ਵਿਚ ਪਹਿਲਾਂ ਤੋਂ ਵਾਸ ਕਰਦੀ ਸੀ, ਹੁਣ ਵਾਸ ਕਰਦੀ ਹੈ ਅਤੇ ਬਣੀ ਰਹਿਣ ਵਾਲੀ ਅਤੇ ਲਗਾਤਾਰ ਹਕੀਕਤ ਦੇ ਰੂਪ ਵਿਚ ਵਾਸ ਕਰਦੀ ਰਹਿੰਦੀ ਹੈ। ਇਹੀ ਯਿਸੂ ਜਿਹੜਾ ਧਰਤੀ ਉੱਤੇ ਘੁੰਮਿਆ ਫਿਰਿਆ ਹੁਣ ਸੁਰਗ ਵਿਚ ਹੈ, ਉਸ ਨੂੰ ਖ਼ੁਦਾਈ ਦਾ ਸਾਰਾ ਪਦਾਰਥ ਅਤੇ ਖ਼ੁਦਾਈ ਨੂੰ ਪਹਿਨਾ ਦਿੱਤਾ ਗਿਆ ਹੈ। ਪੌਲੁਸ ਦੀ ਗੱਲ ਨੇ ਬਾਅਦ ਵਿਚ ਆਉਣ ਵਾਲੇ ਨੌਸਟਿਕ ਵਿਚਾਰਧਾਰਾ ਨੂੰ ਉੱਤਰ ਦੇਣਾ ਸੀ ਕਿ ਮਨੁੱਖ ਯਿਸੂ ਦੇ ਬਪਤਿਸਮੇ ਦੇ ਵਕਤ ਆਤਮਾ/*aeon* ਮਸੀਹ ਆਇਆ, ਅਤੇ ਸਲੀਬ ਉੱਤੇ ਉਸ ਨੂੰ ਛੱਡ ਗਿਆ।

ਯਿਸੂ ਵਿਚ ਭਰਪੂਰੀ ਦਾ ਮਤਲਬ ਇਹ ਹੈ ਕਿ ਬੋਲਦੇ ਅਤੇ ਸਿੱਖਦੇ ਸਮੇਂ ਉਸ ਵਿਚ ਖ਼ੁਦਾ ਦੇ ਮਨ ਨੂੰ ਵਿਖਾਇਆ।

> ਕਿਉਂ ਜੋ ਮੈਂ ਆਪ ਤੋਂ ਨਹੀਂ ਬੋਲਿਆ ਪਰ ਪਿਤਾ ਜਿਨ ਮੈਨੂੰ ਘੱਲਿਆ ਓਸੇ ਨੇ ਮੈਨੂੰ ਹੁਕਮ ਦਿੱਤਾ ਭਈ ਮੈਂ ਕੀ ਵਚਨ ਕਰਾਂ ਅਤੇ ਕੀ ਬੋਲਾਂ। ਅਰ ਮੈਂ ਜਾਣਦਾ ਹਾਂ ਕਿ ਉਹ ਦਾ ਵਚਨ ਸਦੀਪਕ ਜੀਉਣ ਹੈ। ਇਸ ਕਾਰਣ ਮੈਂ ਜੋ ਕੁਝ ਬੋਲਦਾ ਹਾਂ ਸੋ ਜਿਵੇਂ ਪਿਤਾ ਨੇ ਮੈਨੂੰ ਆਖਿਆ

ਹੈ ਤਿਵੇਂ ਬੋਲਦਾ ਹਾਂ (ਯੂਹੰਨਾ 12:49, 50)।

ਪਿਤਾ ਨੇ ਯਿਸੂ ਨੂੰ ਮਨੁੱਖ ਜਾਤੀ ਲਈ ਮੁਕੰਮਲ ਮੁਕਾਸ਼ਫ਼ੇ ਦਾ ਜ਼ਰੀਆ ਬਣਾ ਕੇ ਉਸ ਦੇ ਰਾਹੀਂ ਉਹ ਸਭ ਪਰਗਟ ਕੀਤਾ ਜੋ ਉਹ ਪਰਗਟ ਕਰਨਾ ਚਾਹੁੰਦਾ ਸੀ (ਇਬਰਾਨੀਆਂ 1:1, 2)।

ਆਪਣੇ ਵਿਸ਼ਾਲ ਅਕਾਰ ਅਤੇ ਸ਼ਕਤੀਸ਼ਾਲੀ ਅਕਾਸ਼ੀ ਪਿੰਡਾਂ ਦੇ ਨਾਲ ਉਹ ਧਰਤੀ ਤੇ ਜੀਵਨ ਦੇ ਵੱਖੋ ਵੱਖ ਰੂਪਾਂ ਨਾਲ ਇਸ ਸਿਰਜੇ ਹੋਏ ਸੰਸਾਰ ਨੂੰ ਖ਼ੁਦਾ ਦੇ ਮਨ ਅਤੇ ਸ਼ਕਤੀ ਨੂੰ ਵਿਖਾਉਂਦਾ ਹੈ (ਜ਼ਬੂਰ 19:1; ਰੋਮੀਆਂ 1:20)। ਪਰ ਯਿਸੂ ਨੇ ਖ਼ੁਦਾ ਨੂੰ ਇਸ ਤਰ੍ਹਾਂ ਨਾਲ ਪਰਗਟ ਕੀਤਾ (ਯੂਹੰਨਾ 1:18; 14:9), ਜਿਵੇਂ ਕੁਦਰਤ ਉਸ ਨੂੰ ਪਰਗਟ ਨਹੀਂ ਕਰ ਸਕੀ ਕਿਉਂ ਜੋ ਉਸ ਵਿਚ ਪਿਤਾ ਦਾ ਹੀ ਸੁਭਾਅ ਪਾਇਆ ਜਾਂਦਾ ਹੈ।

ਪੌਲੁਸ ਨੇ **ਦੇਹਧਾਰੀ** ਹੋਣ ਦੀ ਗੱਲ ਕਹੀ, ਜਿਸ ਕਾਰਣ ਕੁਝ ਲੋਕਾਂ ਨੇ ਇਸ ਦਾ ਅਰਥ ਕੱਢਿਆ ਕਿ ਉਸਦੇ ਕਹਿਣ ਤੋਂ ਭਾਵ ਕਲੀਸੀਆ ਹੈ ਜਿਸ ਨੂੰ ਮਸੀਹ ਦੀ ''ਦੇਹ'' (*sōma*) ਕਿਹਾ ਗਿਆ ਹੈ (1:18)। ਇੱਥੇ ਇਸ ਦਾ ਮਤਲਬ ਇਹ ਨਹੀਂ ਹੋ ਸਕਦਾ। ਖ਼ੁਦਾਈ ਦੀ ਭਰਪੂਰੀ ਕਲੀਸੀਆ ਵਿਚ ਵਾਸ ਨਹੀਂ ਕਰਦੀ, ਭਾਵੇਂ ਕਲੀਸੀਆ ਨੂੰ ਮਸੀਹ ''ਦੀ ਭਰਪੂਰੀ'' ਕਿਹਾ ਗਿਆ ਹੈ (ਅਫ਼ਸੀਆਂ 1:23)। ਜੇ ਪੌਲੁਸ ਦੇ ਕਹਿਣ ਦਾ ਮਤਲਬ ਕਲੀਸੀਆ ਹੁੰਦਾ ਤਾਂ ਉਸ ਨੇ ''ਦੇਹਧਾਰੀ'' ਦੀ ਥਾਂ ''ਦੇਹ ਵਿਚ'' ਲਿਖਣਾ ਸੀ।

ਹੋਰਨਾਂ ਦਾ ਤਰਕ ਹੈ ਕਿ ਪੌਲੁਸ ਦੇ ਕਹਿਣ ਤੋਂ ਭਾਵ ''ਪਦਾਰਥ'' ਜਾਂ ''ਸਚਿਆਈ'' ਹੈ, ਜਿਵੇਂ ਕਿ 2:17 ਵਿਚ *sōma* ਦਾ ਅਨੁਵਾਦ ਹੋਇਆ ਹੈ। ਜਿਵੇਂ ਉਹ ਯਿਸੂ ਨੂੰ ਖ਼ੁਦਾਈ ਨਾਲ ਭਰਿਆ ਵਿਖਾ ਰਿਹਾ ਸੀ। ਸਰੀਰਕ ਅਰਥ ਵਿਚ ਇਹ ਸੱਚ ਨਹੀਂ ਹੋ ਸਕਦਾ, ਕਿਉਂ ਜੋ ਖ਼ੁਦਾ ਬਿਨਾਂ ਸਰੀਰਕ ਪਦਾਰਥ ਦੇ ਇਕ ਆਤਮਾ ਹੈ (ਯੂਹੰਨਾ 4:24)। ਪੌਲੁਸ ਦੇ ਕਹਿਣ ਦਾ ਮਤਲਬ ਇਹੀ ਹੋਵੇਗਾ ਕਿ ਆਪਣੇ ਸੁਭਾਅ ਵਿਚ ਹੀ ਯਿਸੂ ਵਿਚ ਉਹ ਸਭ ਭਰਿਆ ਹੋਇਆ ਹੈ ਕਿ ਉਹ ਖ਼ੁਦਾ ਹੈ। ਉਸ ਵਿਚ ਖ਼ੁਦਾਈ ਦੀ ਭਰਪੂਰੀ ਅਤੇ ਸੰਪੂਰਣ ਸਚਿਆਈ ਹੈ (ਇਬਰਾਨੀਆਂ 1:3)।

---

ਟਿੱਪਣੀਆਂ

[1]*Blepete* ਦੀ ਵਰਤੋਂ ਚਿਤਾਵਨੀ ਦੀ ਗੱਲ ਦੇ ਰੂਪ ਵਿਚ ਵੀ ਕੀਤੀ ਜਾ ਸਕਦੀ ਹੈ (ਵੇਖੋ ਮੱਤੀ 24:4; ਮਰਕੁਸ 4:24; 8:15; 12:38; 13:5, 9, 23, 33; ਰਸੂਲਾਂ ਦੇ ਕੰਮ 13:40; ਗਲਾਤੀਆਂ 5:15; ਫ਼ਿਲਿੱਪੀਆਂ 3:2; ਇਬਰਾਨੀਆਂ 3:12)। [2]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ ਤੀਜੀ, ਸੋਧ ਅਤੇ ਸੰਪਾ. ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 955. [3]ਏ. ਟੀ. ਰੌਬਰਟਸਨ, *ਪੌਲ ਐਂਡ ਦ ਇੰਟਲੈਕਚੁਅਲਜ਼: ਦ ਐਪਿਸਟਲ ਟੂ ਦ ਕੋਲੋਸੀਅੰਜ਼,* ਸੋਧ ਅਤੇ ਸੰਪਾ. ਡਬਲਯੂ. ਸੀ. ਸਟ੍ਰਿਕਲੈਂਡ (ਨੈਸ਼ਵਿੱਲ: ਬ੍ਰੌਡਮੈਨ ਪ੍ਰੈੱਸ, 1959), 77. [4]ਕਲੇਮੈਂਟ ਆਫ਼ ਅਲਗਜ਼ੈਂਡਰੀਆ *ਸਟ੍ਰੋਮੈਟਾ* 1.11; 6.8. [5]ਫਿਲੋ *ਦ ਪੋਸਟੇਰਿਟੀ ਐਂਡ ਐਗਜ਼ਾਈਲ ਆਫ਼ ਕੈਨ* 101. [6]ਯੂਨਾਨੀ ਸਬਦ ਜਿਸ ਦਾ ਅਨੁਵਾਦ ''ਲਾਗ ਲਪੇਟ'' ਜਾਂ ਧੋਖਾ ਮੱਤੀ 13:22; ਮਰਕੁਸ 4:19; ਅਫ਼ਸੀਆਂ 4:22; 2 ਥੱਸਲੁਨੀਕੀਆਂ 2:10; ਇਬਰਾਨੀਆਂ 3:13; 2 ਪਤਰਸ 2:13 ਵਿਚ ਵੀ ਮਿਲਦਾ ਹੈ। [7]ਡੇਵਿਡ ਐਮ. ਹੇਅ, *ਕੋਲੋਸੀਅੰਜ਼,* ਅਬਿੰਗਡਨ ਨਿਊ ਟੈਸਟਾਮੈਂਟ ਕਮੈਂਟਰੀਜ਼ (ਨੈਸ਼ਵਿੱਲ: ਅਬਿੰਗਡਨ ਪ੍ਰੈੱਸ, 2000), 87–88. [8]ਹਰਬਰਟ ਐੱਮ. ਕਾਰਸਨ, *ਦ ਐਪਿਸਟਲਜ਼ ਆਫ਼ ਪੌਲ ਟੂ ਦ ਕੋਲੋਸੀਅੰਜ਼ ਐਂਡ ਫਿਲੇਮੋਨ:*